ਦਫ਼ਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ), ਅੰਮ੍ਰਿਤਸਰ। **ਅਤੀ ਜਰੂਰੀ**

ਵੱਲ,

ਸਮੂਹ ਪ੍ਰਿੰਸੀਪਲ/ਮੁਖਅਧਿਆਪਕ
ਸਰਕਾਰੀ ਸੀਨੀਅਰ ਸੈਕੰਡਰੀ/ਹਾਈ ਸਕੂਲਜ,
ਜਿਲਾ ਅੰਮ੍ਰਿਤਸਰ।

ਪੱਤਰ ਨੰ: ਅ-3/2016/3552-3791
ਮਿਤੀ: ਅੰਮ੍ਰਿਤਸਰ:- 5/4/16

ਵਿਸ਼ਾ: ਮਾਨਯੋਗ ਡਾਇਰੈਕਟਰ ਸਿਖਿਆ ਵਿਭਾਗ (ਸੈ.ਸਿ) ਪੰਜਾਬ ਜੀ ਵਲੋ ਲਈ ਜਾਣ ਵਾਲੀ ਮੀਟਿੰਗ ਸਬੰਧੀ।

ਹਵਾਲਾ:- ਡਾਇਰੈਕਟਰ ਸਿਖਿਆ ਵਿਭਾਗ (ਸੈ.ਸਿ) ਪੰਜਾਬ ਦੇ ਮੀਮੋ ਨੰ:15/67-2013ਕੋ ਸੈਲ(1)/118 ਮਿਤੀ 22-3-2015 ਦੇ ਸਬੰਧ ਵਿਚ।

ਦਫਤਰੀ ਕੰਮ ਵਿਚ ਤੇਜੀ ਲਿਆਉਣ ਲਈ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ:-

1. ਐਕਸ ਇੰਡੀਆ ਲੀਵ/ ਵਿਦੇਸ਼ ਛੁਟੀ ਭੇਜਦੇ ਸਮੇ ਉਸ ਵਿਚ ਕਰਮਚਾਰੀ ਦੀ ਸਮੂਹ ਬਕਾਇਆ ਛੁੱਟੀ ਦਾ ਅੰਦਰਾਜ ਜਰੂਰ ਕੀਤਾ ਜਾਵੇ।
2. ਪੀ.ਆਰ/ ਇਮੀਗ੍ਰੇਸ਼ਨ ਸ਼ਟੇਟਸ ਵਾਲੇ ਕਰਮਚਾਰੀਆਂ ਬਾਰੇ ਸਕੂਲ ਮੁਖੀਆਂ ਵਲੋ ਸੂਚਨਾਂ ਨਹੀ ਭੇਜੀ ਜਾਂਦੀ । ਕਰਮਚਾਰੀ ਵਲੋ ਛੁੱਟੀ/ ਰਿਟਾਇਰਮੇਟ ਅਪਲਾਈ ਕਰਨ ਤੇ ਪੀ.ਆਰ/ ਇਮੀਗ੍ਰੇਸ਼ਨ ਸਬੰਧੀ ਨੋਟਿਸ ਵਿਚ ਆਉਦਾ ਹੈ। ਅਜਿਹਾ ਨਹੀ ਹੋਣਾ ਚਾਹੀਦਾ। ਜਿਨਾਂ ਕਰਮਚਾਰੀਆਂ ਕੋਲ ਪੀ.ਆਰ ਹੈ ਉਨਾਂ ਸਬੰਧੀ ਸੂਚਨਾਂ ਤੁਰੰਤ ਹੇਠ ਲਿਖੇ ਪ੍ਰੋਫਾਰਮੇ ਤੇ ਭੇਜੀ ਜਾਵੇ:-

| ਲੜੀ ਨੰ: | ਨਾਂ/ ਅਹੁਦਾ ਮੌਜੂਦਾ ਸਕੂਲ ਦ ਨਾਂ | ਕਿਹੜੇ ਦੇਸ਼ ਦੀ ਪੀ.ਆਰ ਆਦਿ ਹੈ | ਪਾਸਪੋਰਟ ਨੰਬਰ/ਜਾਰੀ ਕਰਨ ਦੀ ਮਿਤੀ ਕਾਪੀ ਨਥੀ ਕੀਤੀ ਜਾਵੇ। | ਦੋਸ਼ ਸੂਚੀ ਜਾਰੀ ਕੀਤੀ ਗਈ ਹੈ, ਜੇ ਹਾਂ ਤਾਂ ਹੁਕਮ ਨੰ: ਤੇ ਮਿਤੀ | ਵਿਸ਼ੇਸ ਕਥਨ |
|---|---|---|---|---|---|
| | | | | | |

3. ਲੰਮੇ ਸਮੇ ਤੋ ਗੈਰ ਹਾਜਰ ਕਰਮਚਾਰੀਆਂ ਸਬੰਧੀ ਸਕੂਲ ਮੁਖੀਆਂ ਵਲੋ ਨਹੀ ਦਸਿਆ ਜਾਂਦਾ। ਨਿਰੀਖਣ ਟੀਮਾਂ ਵਲੋ ਅਜਿਹੇ ਕਰਮਚਾਰੀਆਂ ਬਾਰੇ ਰੀਪੋਰਟ ਕੀਤੀ ਜਾਂਦੀ ਹੈ। ਜੇਕਰ ਪਹਿਲਾਂ ਗੈਰ ਹਾਜਰ ਕਰਮਚਾਰੀ ਬਾਰੇ ਰਿਪੋਰਟ ਭੇਜੀ ਜਾ ਚੁੱਕੀ ਹੈ ਤਾਂ ਇਸ ਸਬੰਧੀ ਨਿਰੀਖਣ ਟੀਮਾਂ ਨੂੰ ਦਸਿਆ ਜਾਇਆ ਕਰੇ।
4. ਸੇਵਾ ਕਾਲ ਵਿਚ ਵਾਧੇ ਦੇ ਕੇਸ ਕਰਮਚਾਰੀ/ਅਧਿਕਾਰੀ ਦੀ ਰਿਟਾਇਰਮੈਟ ਤੋ 3 ਮਹੀਨੇ ਪਹਿਲਾਂ ਮੁਕੰਮਲ ਰੂਪ ਵਿਚ ਹਰ ਹਾਲਤ ਵਿਚ ਭੇਜਣੇ ਯਕੀਨੀ ਬਣਾਏ ਜਾਣ।

ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ:ਸਿ),
ਅੰਮ੍ਰਿਤਸਰ। 5/4/16

5/4/16